(ਯਾਦ ਪੱਤਰ)

ਵਲੋ

ਨਿਗਰਾਨ ਇੰਜੀਨੀਅਰ(ਓ . ਐਂਡ . ਐਮ)
ਨਗਰ ਨਿਗਮ,ਅੰਮ੍ਰਿਤਸਰ।

ਵੱਲ

ਕਾਰਜਕਾਰੀ ਇੰਜੀਨੀਅਰ
ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ
ਅੰਮ੍ਰਿਤਸਰ।

ਨੰਬਰ: ਮਿਤੀ:

ਵਿਸ਼ਾ :- ਕੇਸ ਸਿਵਲ ਸੂਟ ਨੰਬਰ:95/2005 - ਸ੍ਰੀ ਮਤੀ ਮੀਰਾ ਦੇਵੀ ਬਨਾਮ ਨਗਰ ਨਿਗਮ,ਅੰਮ੍ਰਿਤਸਰ ਅਤੇ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ,ਅੰਮ੍ਰਿਤਸਰ।

ਹਵਾਲਾ ਇਸ ਦਫਤਰ ਦਾ ਪੱਤਰ ਨੰ:87 ਮਿਤੀ 14-3-2014,ਪੱਤਰ ਨੰ:913 ਮਿਤੀ 21-3-2014 ਅਤੇ ਪੱਤਰ ਨੰ: 44 ਮਿਤੀ 5-6-2015

ਉਪਰੋਕਤ ਵਿਸ਼ੇ ਅਤੇ ਹਵਾਲੇ ਦੇ ਸਬੰਧ ਵਿੱਚ ਸੂਚਿਤ ਕੀਤਾ ਜਾਂਦਾ ਹੈ ਕਿ ਆਪ ਜੀ ਦੇ ਵਿਭਾਗ ਵਲੋ ਗਲੀ ਨੰਬਰ:4 ਅਬਾਦੀ ਸਰਵਰਪੁਰਾ ਨਜਦੀਕ ਗੰਦਾ ਨਾਲ੍ਹਾ,ਸੁਲਤਾਨਵਿੰਡ ਰੋਡ,ਅੰਮ੍ਰਿਤਸਰ ਵਿਖੇ ਸੀਵਰੇਜ ਦਾ ਕੰਮ ਕਰਵਾਇਆ ਜਾ ਰਿਹਾ ਸੀ ਅਤੇ ਉਸ ਦੀ ਦੇਖਭਾਲ ਵੀ ਆਪ ਜੀ ਦੇ ਵਿਭਾਗ ਵਲੋ ਕੀਤੀ ਜਾ ਰਹੀ ਸੀ। ਇਸ ਇਲਾਕੇ ਵਿੱਚ ਤੁਹਾਡੇ ਵਲੋ ਸੀਵਰੇਜ ਪਾਉਣ ਉਪਰੰਤ ਮੇਨ-ਹੋਲ੍ਹ ਕਵਰ ਨਹੀ ਲਗਾਇਆ ਗਿਆ ਸੀ। ਬਰਸਾਤ ਹੋਣ ਉਪਰੰਤ ਸੜਕ ਵਿੱਚ ਬਣੇ ਸੀਵਰ ਤੇ ਮੇਨ-ਹੋਲ੍ਹ ਤੇ ਕਵਰ ਨਾ ਹੋਣ ਕਰਕੇ ਸ਼ਹਿਰ ਵਾਸੀ ਸ੍ਰੀ ਅਜੀਤ ਕੁਮਾਰ ਦੀ ਸੀਵਰ ਵਿੱਚ ਡਿੱਗਣ ਕਰਕੇ ਮਿਤੀ 22-01-2005 ਨੂੰ ਮੌਤ ਹੋ ਗਈ ਸੀ। ਮ੍ਰਿਤਕ ਦੇ ਵਾਰਸ਼ਾਂ ਵਲੋ ਨਗਰ ਨਿਗਮ ਅਤੇ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਵਿਰੁੱਧ ਸਿਵਲ ਸੂਟ ਨੰਬਰ:95/2005 ਮਿਤੀ 16-07-2005 ਨੂੰ ਕੇਸ ਦਾਇਰ ਕੀਤਾ ਗਿਆ ਸੀ। ਮਾਨਯੋਗ ਅਦਾਲਤ ਵਲੋ ਮਿਤੀ 10-12-2010 ਨੂੰ ਫੈਸਲਾ ਕਰਦੇ ਹੋਏ ਮ੍ਰਿਤਕ ਦੇ ਵਾਰਸ਼ਾਂ ਨੂੰ 5,00,000/- ਰੁਪਏ ਦੀ ਅਦਾਇਗੀ ਕਾਸਟ ਸਮੇਤ 8 ਪ੍ਰਤੀਸ਼ਤ ਵਿਆਜ ਅਤੇ ਕੇਸ ਕਰਨ ਦੀ ਮਿਤੀ ਤੋ 6 ਪ੍ਰਤੀਸ਼ਤ ਵਿਆਜ ਫੈਸਲਾ ਹੋਣ ਦੀ ਮਿਤੀ ਤੋ ਅਦਾਇਗੀ ਕਰਨ ਦੇ ਹੁਕਮ ਕੀਤੇ ਗਏ ਅਤੇ ਅਦਾਲਤ ਵਲੋ ਨਗਰ ਨਿਗਮ ਅਤੇ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਨੂੰ ਬਰਾਬਰ ਦੇ ਜਿਮੇਵਾਰ ਠਹਿਰਾਇਆ ਗਿਆ ਸੀ।

ਇਸ ਫੈਸਲੇ ਉਪਰੰਤ ਨਗਰ ਨਿਗਮ,ਅੰਮ੍ਰਿਤਸਰ ਵਲੋ ਸ੍ਰੀ ਕੇ . ਕੇ ਗੋਇਲ,ਅਡੀਸ਼ਨਲ ਜਿਲ੍ਹਾ ਜੱਜ(ਐਡਹਾਕ) ਫਾਸਟ ਟਰੈਕ ਅਦਾਲਤ,ਅੰਮ੍ਰਿਤਸਰ ਵਿਖੇ ਅਪੀਲ ਨੰਬਰ:159 ਆਫ 2011-12 ਕੀਤੀ ਗਈ ਸੀ। ਪਰੰਤੂ ਮਾਨਯੋਗ ਅਦਾਲਤ ਵਲੋ ਮਿਤੀ 02-09-2013 ਨੂੰ ਇਹ ਅਪੀਲ ਖਾਰਜ਼ ਕਰ ਦਿੱਤੀ ਗਈ ਸੀ।

ਮਾਨਯੋਗ ਅਦਾਲਤ ਦੇ ਫੈਸਲੇ ਅਨੁਸਾਰ ਨਗਰ ਨਿਗਮ,ਅੰਮ੍ਰਿਤਸਰ ਅਤੇ
ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਨੂੰ ਬਰਾਬਰ ਦੇ ਜਿਮੇਵਾਰ ਠਹਿਰਾਉਦਿਆਂ
ਹੋਇਆ ਅੱਧੀ ਰਕਮ ਦੀ ਅਦਾਇਗੀ ਆਪ ਜੀ ਦੇ ਵਿਭਾਗ ਵਲੋ ਮ੍ਰਿਤਕ ਦੇ ਪਰਿਵਾਰ ਨੂੰ
ਕੀਤੀ ਜਾਣੀ ਸੀ। ਨਗਰ ਨਿਗਮ,ਅੰਮ੍ਰਿਤਸਰ ਵਲੋ ਹੋਰ ਵਿਆਜ ਤੋ ਬੱਚਣ ਲਈ ਅਦਾਲਤ
ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਮ੍ਰਿਤਕ ਦੇ ਵਾਰਸ਼ਾਂ ਨੂੰ ਮੂਲ 5,00,000/- ਵਿਆਜ
3,10,167/- ਰੁਪਏ ਅਤੇ ਕਾਸਟ 8,021/- ਰੁਪਏ ਕੁਲ ਰਕਮ 8,18,188/- ਰੁਪਏ ਦੀ
ਸਾਰੀ ਅਦਾਇਗੀ ਚੈਕ ਨੰਬਰ:208315 ਮਿਤੀ 24-02-2014 ਰਾਂਹੀ ਕਰ ਦਿੱਤੀ ਗਈ ਸੀ।

ਇਥੇ ਇਹ ਦੱਸਣ-ਯੋਗ ਹੈ ਕਿ ਅਦਾਲਤ ਦੇਫੈਸਲੇ ਅਨੁਸਾਰ ਮ੍ਰਿਤਕ ਦੇ
ਪਰਿਵਾਰ ਨੂੰ ਸਾਰੀ ਅਦਾਇਗੀ ਕਰਨ ਉਪਰੰਤ ਅੱਧੀ ਰਕਮ 4,09,094/- ਰੁਪਏ ਆਪ ਜੀ
ਦੇ ਵਿਭਾਗ ਪਾਸੋ ਪ੍ਰਾਪਤ ਕਰਨ ਲਈ ਆਡਿੱਟ ਇਤਰਾਜ ਨੰਬਰ:ਡੀ.ਸੀ(ਐਲ.ਏ)/ਜ-
8ਓ/10 ਮਿਤੀ 12-03-2014 ਲਗਾਇਆ ਗਿਆ ਹੈ। ਨਗਰ ਨਿਗਮ ਵਲੋ ਮ੍ਰਿਤਕ ਦੇ
ਵਾਰਸ਼ਾਂ ਨੂੰ 8,18,188/-ਰੁਪਏ ਦੀ ਕੀਤੀ ਗਈ ਅਦਾਇਗੀ ਸਬੰਧੀ ਰਕਮ ਨਗਰ ਨਿਗਮ
ਅੰਮ੍ਰਿਤਸਰ ਨੂੰ ਭੇਜਣ ਸਬੰਧੀ ਆਪ ਜੀ ਨੂੰ ਪੱਤਰ ਨੰਬਰ:87 ਮਿਤੀ 14-03-2014 ਅਤੇ
ਪੱਤਰ ਨੰਬਰ: ਏ.ਸੀ(ਟੀ)/913 ਮਿਤੀ 21-03-2014 ਰਾਂਹੀ ਪੱਤਰ ਭੇਜੇ ਜਾ ਚੁੱਕੇ ਹਨ ਪਰ
ਕਾਫੀ ਸਮਾਂ ਬੀਤ ਜਾਣ ਤੇ ਆਪ ਜੀ ਵਲੋ ਕੋਈ ਵੀ ਕਾਰਵਾਈ ਨਹੀ ਕੀਤੀ ਗਈ ਹੈ।

ਅਗਰ ਇਹ ਆਡਿੱਟ ਇਤਰਾਜ ਪੰਜਾਬ ਵਿਧਾਨ ਸਭਾ ਕਮੇਟੀ ਵਿੱਚ ਚਲਾ
ਗਿਆ ਹੈ।ਉਕਤ ਅਨੁਸਾਰ ਜਿਸ ਸਮੇ ਆਪ ਜੀ ਦੇ ਵਿਭਾਗ ਵਲੋ ਇਲਾਕੇ ਵਿੱਚ ਸੀਵਰੇਜ
ਦਾ ਕੰਮ ਕਰਵਾਇਆ ਜਾ ਰਿਹਾ ਸੀ। ਸੀਵਰੇਜ ਦੇ ਮੇਨਹੋਲ ਕਵਰ ਨਾ ਰੱਖਣ ਤੇ ਉਸ
ਅਜੀਤ ਕੁਮਾਰ ਨਾਮ ਦੇ ਵਿਅਕਤੀ ਦੀ ਮੌਤ ਸੀਵਰੇਜ ਵਿੱਚ ਡਿਗਨ ਕਰਕੇ ਹੋਈ
ਸੀ।ਇਸ ਕੇਸ ਵਿੱਚ ਤੁਹਾਡੇ ਵਿਭਾਗ ਦੇ ਕਰਮਚਾਰੀ/ਅਧਿਕਾਰੀ ਦੀ ਜਿੰਮੇਵਾਰੀ ਫਿਕਸ
ਕਰਨੀ ਬਨਦੀ ਹੈ।**(ਕੋਰਟ ਦੇ ਹੁਕਮਾਂ ਦੀ ਕਾਪੀ ਅਤੇ ਆਡਿਟ ਇਤਰਾਜ ਦੀ ਕਾਪੀ ਆਪ
ਜੀ ਨੂੰ ਪਹਿਲਾਂ ਹੀ ਭੇਜੀ ਹੋਈ ਹੈ।)**

ਉਪਰੋਕਤ ਤੱਥਾਂ ਨੂੰ ਮੁੱਖ ਰੱਖਦੇ ਹੋਏ ਮਾਨਯੋਗ ਅਦਾਲਤ ਦੇ ਫੈਸਲੇ
ਮਿਤੀ 02-09-2013 ਅਨੁਸਾਰ ਮ੍ਰਿਤਕ ਦੇ ਪਰਿਵਾਰ ਨੂੰ 8,18,188/- ਰੁਪਏ ਨਗਰ
ਨਿਗਮ,ਅੰਮ੍ਰਿਤਸਰ ਵਲੋ ਕੀਤੀ ਗਈ ਅਦਾਇਗੀ ਦੀ ਰਕਮ ਵਸਸਅ ਵਿਭਾਗ ਦੇ ਖਾਤੇ
ਵਿੱਚ ਅਤੇ ਉਸ ਸਮੇ ਦੇ ਕਰਮਚਾਰੀ/ਅਧਿਕਾਰੀ ਦੀ ਨਿਰੋਲ ਜਿੰਮੇਵਾਰੀ ਫਿਕਸ ਕਰਕੇ
ਰਿਪੋਰਟ ਜਲਦੀ ਤੋ ਜਲਦੀ ਭੇਜਣ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।

ਨਿਗਰਾਨ ਇੰਜੀਨੀਅਰ(ਓ.ਐਂਡ.ਐਮ)
ਨਗਰ ਨਿਗਮ,ਅੰਮ੍ਰਿਤਸਰ।

ਪਿੱਠ: ਸੀ! ਡੀ! ਐੱਸ.ਈ(ਓ.ਐਂਡ.ਐਮ)- 230 ਮਿਤੀ 21/4/16

ਉਪਰੋਕਤ ਦਾ ਇਕ ਉਤਾਰਾ ਮੇਨੈਜਿੰਗ ਡਾਇਰੈਕਟਰ ਪੰਜਾਬ ਵਾਟਰ
ਸਪਲਾਈ ਸੀਵਰੇਜ ਬੋਰਡ ਸੈਕਟਰ 27 ਏ ਚੰਡੀਗੜ ਨੂੰ ਸੂਚਨਾ ਅਤੇ ਅਗਲੇਰੀ
ਕਾਰਵਾਈ ਲਈ ਭੇਜਿਆ ਜਾਂਦਾ ਹੈ ਜੀ।

ਨਿਗਰਾਨ ਇੰਜੀਨੀਅਰ(ਓ.ਐਂਡ.ਐਮ)
ਨਗਰ ਨਿਗਮ,ਅੰਮ੍ਰਿਤਸਰ।

(7)

ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ
ਪਲਾਟ ਨੰ: 1 ਬੀ, ਸੈਕਟਰ 27 ਏ, ਚੰਡੀਗੜ੍ਹ।

ਪਿੱਠ ਅੰਕਣ ਨੰ: ਪਵਸਸਬ-2016/ਵ/ 11763-64 ਮਿਤੀ: 25/5/16

ਉਪਰੋਕਤ ਦੀ ਨਕਲ ਹੇਠ ਲਿਖੀਆਂ ਨੂੰ

1. ਮੁੱਖ ਇੰਜੀਨੀਅਰ, (ਪੱਛਮ), ਪੰਜਾਬ ਵ/ਸ ਅਤੇ ਸੀਵਰੇਜ਼ ਬੋਰਡ, ਅੰਮ੍ਰਿਤਸਰ ।
2. ਨਿਗਰਾਨ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ ਹਲਕਾ, ਅੰਮ੍ਰਿਤਸਰ

ਨੂੰ ਸੂਚਨਾਂ ਅਤੇ ਜਰੂਰੀ ਕਾਰਵਾਈ ਹਿੱਤ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਵਿਸ਼ੇ ਸਬੰਧੀ ਕੇਸ ਦੀ ਡਿਟੇਲ ਰਿਪੋਰਟ ਭੇਜੀ ਜਾਵੇ।

ਕਾਰਜਕਾਰੀ ਇੰਜੀਨੀਅਰ (ਕੰਮ)